Department of
Education

GOVERNMENT OF
WESTERN AUSTRALIA

# ਕਿੱਤੇ ਬਾਰੇ ਗੱਲਬਾਤ

## ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ

ਜ਼ਿਆਦਾਤਰ ਕਿਸ਼ੋਰਾਂ ਲਈ, ਸਹੀ ਕਿੱਤਾ ਮਾਰਗ ਦੀ ਚੋਣ ਕਰਨ ਲਈ ਬਹੁਤ ਸਾਰੀਆਂ ਗੱਲਾਂ ਵਿਚਾਰਨ ਅਤੇ ਪੜਚੋਲ ਕਰਨ ਦੀ ਲੋੜ ਹੁੰਦੀ ਹੈ।

ਸਿੱਖਿਆ ਅਤੇ ਕਿੱਤੇ ਦੀਆਂ ਇੱਛਾਵਾਂ ਅਕਸਰ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਕਿਸ਼ੋਰ ਕੀ ਸੋਚਦੇ ਹਨ ਕਿ ਉਹ ਦੂਜਿਆਂ ਨਾਲ ਕਿਵੇਂ ਸਹੀ ਬੈਠਣਗੇ, ਅਤੇ ਉਨ੍ਹਾਂ ਦੇ ਮਾਪਿਆਂ, ਦੇਖਭਾਲ ਕਰਨ ਵਾਲਿਆਂ, ਅਧਿਆਪਕਾਂ ਅਤੇ ਸਾਥੀਆਂ ਦੀਆਂ ਉਮੀਦਾਂ ਦੁਆਰਾ।

ਕਿਸ਼ੋਰਾਂ ਦੇ ਕਿੱਤਾ ਅਪਨਾਉਣ ਦੇ ਫ਼ੈਸਲਿਆਂ ਦੇ ਮੁੱਖ ਪ੍ਰਭਾਵਕ ਹੋਣ ਦੇ ਨਾਤੇ, ਮਾਪਿਆਂ, ਦੇਖਭਾਲ ਕਰਨ ਵਾਲਿਆਂ ਅਤੇ ਅਧਿਆਪਕਾਂ ਨੂੰ ਸੈਕੰਡਰੀ ਸਕੂਲ ਤੋਂ ਬਹੁਤ ਪਹਿਲਾਂ ਹੀ ਕਿੱਤੇ ਸੰਬੰਧੀ ਗੱਲਬਾਤ ਸ਼ੁਰੂ ਕਰਨ ਦੀ ਲੋੜ ਹੁੰਦੀ ਹੈ।

ਖੋਜ ਦਰਸਾਉਂਦੀ ਹੈ ਕਿ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਸੰਭਾਵੀ ਕਿੱਤੇ ਦੇ ਵਿਕਲਪਾਂ ਵਿੱਚ ਲਿੰਗੀ ਪੱਖਪਾਤ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੇ ਹਨ। ਅਜਿਹੇ ਲਿੰਗਕ ਰੂੜ੍ਹੀਵਾਦ ਦੀ ਇੱਕ ਉਦਾਹਰਣ ਇਹ ਵਿਸ਼ਵਾਸ ਕਰਨਾ ਹੈ ਕਿ ਲੜਕੀਆਂ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿੱਚ ਲੜਕਿਆਂ ਨਾਲੋਂ ਘੱਟ ਦਿਲਚਸਪੀ ਰੱਖਦੀਆਂ ਹਨ।

ਜ਼ਿਆਦਾਤਰ ਕਿਸ਼ੋਰਾਂ ਕੋਲ ਕਈ ਤਰ੍ਹਾਂ ਦੇ ਸਫ਼ਲ ਪੇਸ਼ੇਵਰਾਂ ਅਤੇ ਟ੍ਰੇਡ ਸੰਬੰਧੀ ਪੇਸ਼ਿਆਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਮਿਲਣ ਦਾ ਮੌਕਾ ਨਹੀਂ ਹੁੰਦਾ ਅਤੇ ਉਹਨਾਂ ਨੂੰ ਕੰਮ ਦੀ ਦੁਨੀਆਂ ਦੇ ਵੱਖ-ਵੱਖ ਰੋਲ ਮਾਡਲਾਂ ਨਾਲ ਜੁੜਨ ਦੇ ਮੌਕਿਆਂ ਦੀ ਲੋੜ ਹੁੰਦੀ ਹੈ।

### ਤਾਂ ਅਸੀਂ ਕਿੱਤੇ ਦੀ ਗੱਲਬਾਤ ਕਿਵੇਂ ਕਰੀਏ?

ਮਾਪੇ ਆਪਣੇ ਕਿਸ਼ੋਰ ਬੱਚਿਆਂ ਦੀਆਂ ਇੱਛਾਵਾਂ ਵਿੱਚ ਦਿਲਚਸਪੀ ਦਿਖਾ ਕੇ ਉਹਨਾਂ ਨਾਲ ਕਿੱਤੇ ਬਾਰੇ ਗੱਲਬਾਤ ਕਰ ਸਕਦੇ ਹਨ। ਹੇਠਾਂ ਦਿੱਤੀਆਂ ਗੱਲਾਂ 'ਤੇ ਗੌਰ ਕਰੋ:

- ਆਪਣੇ ਕਿਸ਼ੋਰ ਬੱਚੇ ਨਾਲ ਕਿੱਤੇ ਬਾਰੇ ਗੱਲਬਾਤ ਕਰਨ ਲਈ ਸਮਾਂ ਕੱਢੋ।
- ਉੱਚੀਆਂ ਇੱਛਾਵਾਂ ਦਾ ਸਮਰਥਨ ਕਰੋ ਅਤੇ 'ਸੁਪਨਿਆਂ ਨੂੰ ਨਾ ਕੁਚਲਣ' ਦਾ ਧਿਆਨ ਰੱਖੋ।
- ਬੱਚਿਆਂ ਦੀ ਸਿੱਖਿਆ ਨੂੰ ਕਿੱਤੇ ਦੇ ਮਾਰਗਾਂ ਨਾਲ ਜੋੜੋ।
- ਸਹੀ, ਅੱਪ-ਟੂ-ਡੇਟ ਕੈਰੀਅਰ ਮਾਰਗ ਅਤੇ ਲੇਬਰ ਮਾਰਕੀਟ ਜਾਣਕਾਰੀ ਪ੍ਰਦਾਨ ਕਰੋ।
- ਕਿਸ਼ੋਰਾਂ ਨੂੰ ਉਹਨਾਂ ਲਈ ਖੁੱਲ੍ਹੇ ਸਾਰੇ ਵਿਕਲਪਾਂ ਅਤੇ ਮਾਰਗਾਂ ਬਾਰੇ ਜਾਣਕਾਰੀ ਦਿਓ। ਇੱਕ ਵਧੀਆ ਸ਼ੁਰੂਆਤੀ ਜਗ੍ਹਾ ਮਾਈਫਿਊਚਰ ਵੈੱਬਸਾਈਟ ਹੈ।

CC BY
Exclusions may apply

| ਇਹਨਾਂ ਕਿੱਤੇ ਦੀ ਗੱਲਬਾਤ ਸ਼ੁਰੂ ਕਰਨ ਵਾਲਿਆਂ ਨੂੰ ਅਜ਼ਮਾਓ | | | |
|---|---|---|---|
| ਤੁਸੀਂ ਅਜਿਹੀ ਕਿਹੜੀ ਪ੍ਰਾਪਤੀ ਕੀਤੀ ਹੈ ਜਿਸ 'ਤੇ ਤੁਸੀਂ ਸੱਚਮੁੱਚ ਮਾਣ ਮਹਿਸੂਸ ਕਰਦੇ ਹੋ? | ਕਿਹੜੀਆਂ ਪ੍ਰਾਪਤੀਆਂ ਨੇ ਤੁਹਾਨੂੰ ਸਭ ਤੋਂ ਵੱਧ ਸੰਤੁਸ਼ਟੀ ਦਿੱਤੀ ਹੈ? | ਤੁਸੀਂ ਆਪਣੇ ਆਪ ਨੂੰ ਪੰਜ ਸਾਲਾਂ ਵਿੱਚ ਕੀ ਕਰਦੇ ਦੇਖਦੇ ਹੋ? | ਕੀ ਤੁਸੀਂ ਕੋਈ ਅਜਿਹੀ ਨੌਕਰੀ ਵੇਖੀ ਜਾਂ ਸੁਣੀ ਹੈ ਜਿਸ ਵਿੱਚ ਤੁਹਾਡੀ ਦਿਲਚਸਪੀ ਹੈ? ਤੁਹਾਨੂੰ ਉਨ੍ਹਾਂ ਬਾਰੇ ਕੀ ਚੰਗਾ ਲੱਗਦਾ ਹੈ? |
| ਤੁਸੀਂ ਆਪਣੀ ਪਾਰਟ-ਟਾਈਮ ਨੌਕਰੀ ਤੋਂ ਕਿਹੜੇ ਹੁਨਰ ਹਾਸਲ ਕੀਤੇ ਹਨ? | ਜੇਕਰ ਤੁਹਾਡੀ ਸੁਪਨਿਆਂ ਦੀ ਨੌਕਰੀ ਘਰ ਤੋਂ ਬਹੁਤ ਦੂਰ ਹੋਵੇ ਤਾਂ ਤੁਸੀਂ ਕੀ ਕਰੋਗੇ? | ਜੇਕਰ ਤੁਹਾਨੂੰ ਕਿਸੇ ਵੀ ਚੀਜ਼ ਬਾਰੇ ਸਿੱਖਣ ਦਾ ਮੌਕਾ ਮਿਲੇ ਤਾਂ ਉਹ ਕੀ ਹੋਵੇ? | ਤੁਸੀਂ ਕਿਹੜੀ ਸੰਸਾਰ ਜਾਂ ਭਾਈਚਾਰਕ ਚੁਣੌਤੀ ਨੂੰ ਹੱਲ ਕਰਨਾ ਚਾਹੁੰਦੇ ਹੋ? |

D23/0256774
ਫਰਵਰੀ 2023